# ਕਰਿ ਬੰਦੇ ਤੂ ਬੰਦਗੀ:

ਧਰਮ ਗ੍ਰੰਥਾਂ ਦੇ ਦਸੇ ਰਾਹ, ਸਿਮਰਣ ਅਤੇ ਸਾਧੂ ਜਨਾਂ ਦੀ ਸੰਗਤਿ ਨਾਲ ਹੀ ਛੁਟਕਾਰਾ ਸੰਭਵ :

ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

ੴ ਸਤਿਗੁਰ ਪ੍ਰਸਾਦਿ ॥

ਇਹ ਸ਼ਬਦ ਭਗਤ ਕਬੀਰ ਜੀ ਨੇ ਤਿਲੰਗ ਰਾਗ ਵਿਚ ਉਚਾਰਣ ਕੀਤਾ ਹੈ। ਇਸ ਸ਼ਬਦ ਦੇ ਸਿਰਲੇਖ ਵਿਚ ਮੂਲ ਮੰਤਰ ਦਾ ਛੋਟਾ ਸਰੂਪ ਮੰਗਲਾਚਰਣ ਵਜੋਂ ਆਇਆ ਹੈ।

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥

ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥

ਇਸ ਸ਼ਬਦ ਵਿਚ ਭਗਤ ਕਬੀਰ ਜੀ ਸਿਧੇ ਸਿਧੇ ਫ਼ੈਸਲਾ ਸੁਣਾ ਰਹੇ ਹਨ ਕਿ ਇਕੱਲੇ, ਕੋਈ ਵੀ, ਭਾਰਤੀ ਜਾਂ ਸਾਮੀ, ਭਾਵ ਪਛਮੀ, ਧਰਮ ਗ੍ਰੰਥ ਦੇ ਸਿਰਫ਼ ਪੜ੍ਹ ਲੈਣ ਨਾਲ ਪ੍ਰਾਪਤੀ ਨਹੀਂ ਹੁੰਦੀ। ਬਲਕਿ ਪਾਠ ਕਰਨ ਦੇ ਨਾਲ-ਨਾਲ, ਉਨ੍ਹਾਂ ਦੇ ਦਸੇ ਰਾਹ ਅਨੁਸਾਰ, ਬੰਦਗੀ, ਤੇ ਬੰਦਗੀ ਲਈ ਸਾਧੂ ਦਾ ਰੋਲ ਮੁਖ ਹਨ। ਗੁਰਮਤਿ ਇਹੀ ਹੈ। ਬੰਦਗੀ ਅਤੇ ਸਾਧੂ ਦੀ ਸੰਗਤਿ ਦੀ ਲੋੜ ਦਰਸਾਉਣ ਲਈ, ਗੁਰਬਾਣੀ ਦਾ ਤਕਰੀਬਨ ਹਰ ਸ਼ਬਦ ਕੂਕ ਕੂਕ ਕੇ ਵਾਰ ਵਾਰ ਇਹੀ ਉਪਦੇਸ਼ ਦੁਹਰਾਉਂਦਾ ਹੈ। ਇਸੇ ਲਈ ਭਾਈ ਗੁਰਦਾਸ ਜੀ ਦੀ 41ਵੀਂ ਵਾਰ ਵਿਚ ਇਹ ਗਲ ਬੜੇ ਸਪੱਸ਼ਟ ਤਰੀਕੇ ਨਾਲ ਬਿਆਨ ਕੀਤੀ ਗਈ ਹੈ ਕਿ ਜਦੋਂ ਪੰਚਮ ਪਾਤਸ਼ਾਹ ਨੇ

ਪੋਥੀ ਸਾਹਿਬ ਦੀ ਰਚਨਾ ਕੀਤੀ ਤਾਂ ਉਸ ਬਾਰੇ 21ਵੇਂ ਬੰਦ ਵਿਚ ਅੰਕਿਤ ਹੈ – ਗ੍ਰੰਥ ਬਣਾਇ ਉਚਾਰ ਸੁਨਾਇਓ।। ਤਬ ਸਰਬ ਜਗਤ ਮੈ ਪਾਠ ਰਚਾਇਓ।। ਕਰਿ ਪਾਠ ਗ੍ਰੰਥ ਜਗਤ ਸਭ ਤਰਿਓ।। ਜਿਹ ਨਿਸ ਬਾਸੁਰ ਹਰਿ ਨਾਮ ਉਚਰਿਓ।। ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਉਤਮ ਕਾਰਜ ਹੈ ਪਰੰਤੂ ਇਸ ਪਾਠ ਨਾਲ ਤਰੇਗਾ ਉਹੀ, ਜੋ ਇਸ ਅਨੁਸਾਰ ਬੰਦਗੀ/ਸਿਮਰਨ ਕਰਦਾ ਹੈ। ਮਿਸਾਲ ਦੇ ਤੌਰ ਤੇ, ਸ੍ਰੀ ਸੁਖਮਨੀ ਸਾਹਿਬ ਵਿਚ ਪੰਕਤੀ ਹੈ – 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।।' ਇਸ ਵਿਚ ਸਿਮਰਨ ਕਰ ਕੇ ਹੀ ਸੁਖ ਪ੍ਰਾਪਤ ਹੋਣ ਦਾ ਬਚਨ ਕੀਤਾ ਗਿਆ ਹੈ। ਫ਼ਿਰ, ਜ਼ਾਹਿਰ ਹੈ ਕਿ ਸਿਮਰਨ ਕੀਤੇ ਬਿਨਾਂ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ! ਭਾਈ ਸਾਹਿਬ ਜੀ ਦੀ ਪਹਿਲੀ ਵਾਰ ਵਿਚ ਸਪੱਸ਼ਟ ਦਰਜ ਹੈ ਕਿ ਬੇਸ਼ੱਕ ਵੇਦ ਆਦਿ ਸਾਰੇ ਧਰਮ ਗ੍ਰੰਥ ਗੁਰੂ ਦੀ ਹੱਟੀ ਹੁੰਦੇ ਹਨ ਜਿਨਾਂ ਨਾਲ ਲਗ ਕੇ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ ਪਰ ਇਨ੍ਹਾਂ ਗ੍ਰੰਥਾਂ ਨੂੰ ਸਮਝਣ ਲਈ ਮਹਾਤਮਾ ਦੀ ਲੋੜ ਹੁੰਦੀ ਹੈ, ਜਦੋ ਤਕ ਉਹ ਅਵਤਾਰ ਧਾਰ ਕੇ ਨਾ ਆਵੇ। ਉਸ ਤੋਂ ਬਿਨਾਂ ਨਹੀਂ ਪਤਾ ਲਗਦਾ ਕਿ ਕੀ ਤੇ ਕਿਵੇਂ ਕਰਨਾ ਹੈ ! – 'ਬੇਦ ਗਿਰੰਥ ਗੁਰ ਹਟਿ ਹੈ ਜਿਸ ਲਗਿ ਭਵਜਲ ਪਾਰਿ ਉਤਾਰਾ। ਸਤਿਗੁਰ ਬਾਝ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।' (ਬੜਾ ਹੀ ਸਾਧਾਰਣ ਜਿਹਾ ਤਰਕ ਹੈ ਕਿ ਜੇ ਇਕੱਲੇ ਪੜ੍ਹਨਾ ਕਾਫ਼ੀ ਹੁੰਦਾ ਤਾਂ ਅਜ ਇੰਟਰਨੈੱਟ ਤੇ ਇਤਨੀ ਸਮਗਰੀ ਮੌਜੂਦ ਹੈ ਕਿ ਸਾਰੇ ਸਕੂਲ ਕਾਲਜ ਆਦਿ ਬੰਦ ਹੋ ਜਾਂਦੇ, ਪਰ ਇਹ ਸੰਭਵ ਨਹੀਂ ਹੈ। ਅਧਿਆਪਕ ਦੀ ਲੋੜ ਕਦੇ ਖ਼ਤਮ ਨਹੀਂ ਹੋ ਸਕਦੀ।)

ਉਪਰੋਕਤ ਇਸ ਸ਼ਬਦ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਵੇਦ (ਭਾਰਤੀ ਧਰਮ ਗ੍ਰੰਥ), ਕਤੇਬ (ਪਛਮੀ ਧਰਮ ਗ੍ਰੰਥ), ਆਦਿ ਸਾਰੇ ਧਰਮ ਗ੍ਰੰਥ ਪੂਰਨ ਸਚ ਦਾ ਬਿਆਨ ਕਰਨ ਤੋਂ ਅਸਮਰੱਥ ਹਨ, ਕਿਉਂਕਿ ਪੂਰਨ ਸਚ ਦਾ ਬਿਆਨ ਤਾਂ ਅਸੰਭਵ ਹੈ, ਇਸ ਲਈ ਸਿਰਫ਼ ਅਤੇ ਸਿਰਫ਼ ਧਰਮ ਗ੍ਰੰਥਾਂ ਰਾਹੀਂ, ਅਗਲੇ ਲੋਕ ਦਾ ਫ਼ਿਕਰ ਦੂਰ ਨਹੀਂ ਹੋ ਸਕਦਾ। ਇਸ ਦਾ ਉਪਾਅ ਸਿਰਫ਼ ਸਿਮਰਨ ਹੀ ਹੈ। ਸਿਮਰਣ ਕਰਦਿਆਂ ਕਰਦਿਆਂ ਜੇ ਰਤਾ ਜਿਨਾਂ ਵੀ ਜੁੜਣ ਦੀ ਅਵੱਸਥਾ ਆ ਜਾਏ ਤਾਂ ਪਰਮੇਸ਼ਰ, ਜੋ ਹਾਜ਼ਰ ਹਜ਼ੂਰ ਹੈ, ਦਿਸ ਪੈਂਦਾ ਹੈ। ਇਹੀ ਸਚਾਈ ਦਸਵੇਂ ਪਾਤਸ਼ਾਹ ਵੀ ਆਪਣੀ ਬਾਣੀ, ਅਕਾਲ ਉਸਤਤਿ ਵਿਚ ਬਿਆਨ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਸਿਮਰਨ ਕਰਦਿਆਂ ਜਦੋਂ ਵੀ ਇਕ-ਚਿਤ ਵਾਲੀ ਅਵੱਸਥਾ ਆ ਜਾਏ ਤਾਂ ਜਨਮ ਮਰਨ ਦਾ ਗੇੜ ਕਟਿਆ ਜਾਂਦਾ ਹੈ :

'ਏਕ ਚਿਤ ਜਿਹ ਇਕ ਛਿਨ ਧਿਆਇਓ।।

ਕਾਲ ਫਾਸ ਕੇ ਬੀਚ ਨ ਆਇਓ।।੧੦।।'

## ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥

## ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ ਰਹਾਉ ॥

ਇਸ ਲਈ ਹੇ ਬੰਦੇ ! ਰੋਜ਼ ਉਸ ਮਾਲਕ ਨੂੰ ਦਿਲ ਵਿਚ ਖੋਜਣ ਦਾ ਕੰਮ ਕਰ, ਭਾਵ, ਹਰ ਰੋਜ਼ ਸਿਮਰਣ ਕਰ, ਅਤੇ ਇਸ ਨੂੰ ਨਿਤ ਦਾ ਨੇਮ ਬਣਾ ਤਾਂ ਫ਼ਿਰ ਤੈਨੂੰ ਜਮਾਂ ਦੀ ਪਰੇਸ਼ਾਨੀ ਨਹੀਂ ਰਹੇਗੀ। ਮਨ ਵਿਚੋਂ ਖੋਜਣ ਦਾ ਅਰਥ ਨਾਮ ਦੇ ਖਜ਼ਾਨੇ ਨਾਲ ਜੁੜਨਾ ਹੈ, ਜਿਵੇਂ ਕਿ ਗੁਰੂ ਅਮਰਦਾਸ ਜੀ ਦਾ ਫ਼ੁਰਮਾਣ ਹੈ – 'ਇਸੁ ਮਨ ਕਉ ਕੋਈ ਖੋਜਹੁ ਭਾਈ।। ਮਨੁ ਖੋਜਤ ਨਾਮੁ ਨਉ ਨਿਧਿ ਪਾਈ।।'

ਭਗਤ ਜੀ ਅਗੋਂ ਫ਼ੁਰਮਾਉਂਦੇ ਹਨ ਕਿ ਇਹ ਦੁਨੀਆਂ ਤਾਂ ਖੇਡ ਤਮਾਸ਼ਾ ਹੈ, ਹੇ ਮਨੁਖ ! ਇਥੇ ਤੇਰੀ ਬਾਂਹ ਫੜਨ ਵਾਲਾ ਕੋਈ ਬੇਲੀ ਨਹੀਂ ਮਿਲੇਗਾ ਜੋ ਤੈਨੂੰ ਜਮਾਂ ਦੇ ਡਰ ਤੋਂ ਮੁਕਤੀ ਦਿਵਾ ਸਕੇ।੧।ਰਹਾਉ।

## ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥

## ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥੨॥

ਅਗਿਆਨੀ ਲੋਕ ਇਕ ਦੂਜੇ ਦੇ ਧਰਮ ਗ੍ਰੰਥਾਂ ਨੂੰ ਗ਼ਲਤ ਸਾਬਤ ਕਰ ਕਰ ਕੇ ਖ਼ਾਮਖਖਾਹ ਖ਼ੁਸ਼ ਹੋ ਰਹੇ ਹਨ ਅਤੇ ਅਗਿਆਨਤਾ ਵਿਚ ਕੁਝ ਵੀ ਬਕਵਾਦ ਜਾਂ ਬਹਿਸ ਕਰੀ ਜਾ ਰਹੇ ਹਨ।

ਭਗਤ ਜੀ ਬਚਨ ਕਰ ਰਹੇ ਹਨ ਕਿ ਉਹ ਪਰਮਾਤਮਾ ਤਾਂ, ਸਦਾ ਕਾਇਮ ਰਹਿਣ ਵਾਲਾ, ਆਪਣੀ ਖ਼ਲਕਤ ਵਿਚ, ਭਾਵ, ਹਰ ਥਾਂ ਮੌਜੂਦ ਹੈ ਨਾਂ ਕਿ ਕ੍ਰਿਸ਼ਨ ਜੀ ਦੀ ਬਣਾਈ ਮੂਰਤੀ ਵਿਚ, ਜਿਵੇਂ ਕਿ ਮੂਰਖ ਲੋਕ ਮੂਰਤੀਆਂ ਵਿਚ ਰੱਬ ਸਮਝੀ ਬੈਠੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ, ਬਚਿਤ੍ਰ ਨਾਟਕ ਵਿਚ ਫ਼ੁਰਮਾਣ ਹੈ ਕਿ ਹੇ ਮੂਰਖ ! ਪਥਰਾਂ ਦੇ ਪੈਰੀ ਕਿਉਂ ਪੈਂਦਾ ਹੈਂ, ਪੱਥਰਾਂ ਵਿਚੋਂ ਪਰਮੇਸ਼ਰ ਨਹੀਂ ਪ੍ਰਾਪਤ ਹੋ ਸਕਦਾ – 'ਪਾਇ ਪਰੋ ਪਰਮੇਸਰ ਕੇ ਜੜ ਪਾਹਨ ਮੈਂ ਪਰਮੇਸਰ ਨਾਹੀ।।੯੯।।'

## ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
## ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥੩॥

ਦਸਮ ਦੁਆਰ  (ਅੰਤਹਕਰਣ) ਰੂਪੀ ਅਸਮਾਨ ਵਿਚ ਵਗਦੇ, ਵਾਹਿਗੁਰੂ ਰੂਪ ਦਰਿਆ ਵਿਚ ਇਸ਼ਨਾਨ ਕਰਨ ਨਾਲ ਪਰਮਾਤਮਾ ਆ ਮਿਲਦਾ ਹੈ।
ਇਸ ਲਈ ਸਦਾ ਹੀ ਉਸ ਦੀ ਬੰਦਗੀ ਕਰ ਅਤੇ ਬੰਦਗੀ ਦੇ ਚਸ਼ਮੇ ਨਾਲ ਵੇਖ, ਉਹ ਹਾਜ਼ਰ-ਨਾਜ਼ਰ ਦਿਸੇਗਾ।੩।

## ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥
## ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥੪॥੧॥

ਅਕਾਲ ਪੁਰਖ ਪੂਰਨ ਤੌਰ ਤੇ ਪਵਿਤਰ ਹੈ ਅਤੇ ਉਸ ਦੀ ਹਰ ਥਾਂ ਮੌਜੂਦਗੀ ਤੇ ਤਾਂ ਸ਼ੱਕ ਕਰੀਏ, ਜੇ ਉਸ ਤੋਂ ਬਿਨਾਂ ਕਿਸੇ ਹੋਰ ਦੀ ਹੋਂਦ ਹੋਵੇ, ਭਾਵ,

ਕਿਸੇ ਹੋਰ ਦੀ ਹੋਂਦ ਹੈ ਹੀ ਨਹੀਂ।
ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਕਿਰਪਾ ਕਰਨਾ ਉਸ ਕਿਰਪਾਲੂ ਦਾ ਕੰਮ ਹੈ ਇਸ ਕਰਕੇ ਇਹ ਬਖਸ਼ਿਸ਼ ਕਿਸ ਤੇ ਕਦੋਂ ਕਰਨੀ ਹੈ ਇਹ ਉਹੀ ਜਾਣੇ, ਭਾਵ ਹੇ ਬੰਦੇ ! ਤੂੰ ਬੰਦਗੀ ਕਰੀ ਜਾ, ਬਖਸ਼ਿਸ਼ ਕਰਨ ਦਾ ਕੰਮ ਉਸ ਦਾ ਹੈ, ਉਸ ਨੇ ਬਖਸ਼ਿਸ਼ ਕਦੋਂ, ਕਿਵੇਂ, ਕਿਸ ਰਾਹੀਂ ਕਰਨੀ ਹੈ, ਇਹ ਤਾਂ ਉਹੀ ਜਾਣਦਾ ਹੈ। ਭਗਤ ਜੀ ਸਲੋਕਾਂ ਵਿਚ ਵੀ ਕੁਝ ਇੰਞ ਹੀ ਬਿਆਨ ਕਰਦੇ ਹਨ ਕਿ ਤੂੰ ਰਾਮ ਰੂਪੀ ਦੋ ਅਖਰਾਂ ਦਾ ਰੱਟਾ ਲਾਈ ਜਾ, ਜਦੋਂ ਉਹ ਤੇਰਾ ਖਸਮ ਬਣਨਾ ਪਰਵਾਨ ਕਰੇਗਾ, ਭਾਵ, ਤੈਨੂੰ ਆਪਣਾ ਬਣਾ ਲਏਗਾ ਤਾਂ ਤੈਨੂੰ ਬਚਾਅ ਲਏਗਾ – 'ਕਹੁ ਕਬੀਰ ਅਖਰ ਦੁਇ ਭਾਖਿ।। ਹੋਇਗਾ ਖਸਮੁ ਤ ਲੇਇਗਾ ਰਾਖਿ।।'

Last modified: 9:26 am